## *ਪ੍ਰੈਸ ਨੋਟ*

## ( ਫਿਰੋਜ਼ਪੁਰ ਪਲਿਸ)

ਜਿਲ੍ਹਾ ਪੁਲਿਸ ਫਿਰੋਜ਼ਪੁਰ ਵੱਲੋਂ 136 ਬਟਾਲਿਅਨ ਬੀ.ਐਸ.ਐਫ. ਦੀ ਟੀਮ ਨਾਲ ਸਾਂਝੇ ਆਪਰੇਸ਼ਨ ਦੋਰਾਨ ਮਿਲ ਕੇ ਮਾੜੇ ਅਨਸਰਾਂ ਖਿਲਾਫ ਜਾਰੀ ਮੁਹਿੰਮ ਤਹਿਤ ਵੱਡੀ ਸਫਲਤਾ ਹਾਸਲ ਕਰਦਿਆਂ 03 ਕਿਲੋ 415 ਗ੍ਰਾਮ ਹੈਰੋਇਨ ਬਰਾਮਦ ਕੀਤੀ।

ਫਿਰੋਜ਼ਪੁਰ : 13 ਅਗਸਤ 2023

ਸ਼੍ਰੀ ਦੀਪਕ ਹਿਲੌਰੀ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੀਆ ਦੱਸਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ. ਪੰਜਾਬ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਫਿਰੋਜ਼ਪੁਰ ਪਲਿਸ ਸਮਾਜ ਵਿਰੋਧੀ ਅਨਸਰਾਂ ਅਤੇ ਸ਼ਰਾਰਤੀ ਅਨਸਰਾਂ ਦੀਆਂ ਵਾਰਦਾਤਾਂ ਨੂੰ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ ਕਰ ਰਹੀ ਹੈ।ਜਿਸ ਸੰਬਧੀ ਜਿਲ੍ਹਾ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜਟਿਡ ਪੁਲਿਸ ਅਧਿਕਾਰੀਆ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆ ਗਈਆ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆ ਹਨ।

ਇਸ ਮੁਹਿੰਮ ਤਹਿਤ ਸ਼੍ਰੀ ਰਣਧੀਰ ਕੁਮਾਰ, ਆਈ.ਪੀ.ਐਸ, ਕਪਤਾਨ ਪੁਲਿਸ (ਇੰਨਵੈ:) ਫਿਰੋਜ਼ਪੁਰ, ਸ਼੍ਰੀ ਬਲਕਾਰ ਸਿੰਘ ਸੰਧੂ,ਪੀ.ਪੀ.ਐਸ.,ਡੀ.ਐਸ.ਪੀ.(ਡੀ) ਫਿਰੋਜ਼ਪੁਰ, ਸ਼੍ਰੀ ਸੁਰਿੰਦਰ ਕੁਮਾਰ ਬਾਂਸਲ, ਡੀ.ਐਸ.ਪੀ.ਸਿਟੀ ਫਿਰੋਜ਼ਪੁਰ ਦੀ ਨਿਗਰਾਨੀ ਹੇਠ ਇੰਸਪੈਕਟਰ ਅਭਿਨਵ ਚੋਹਾਨ ਮੁੱਖ ਅਫਸਰ,ਥਾਣਾ ਸਦਰ ਫਿਰੋਜ਼ਪੁਰ ਸਮੇਤ ਟੀਮ ਲੈਕੇ ਬਾ ਸਵਾਰੀ ਗਸ਼ਤ ਚੈਕਿੰਗ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੋਰਾਨ (15 ਅਗਸਤ ਸੁਤੰਤਰਤਾ ਦਿਵਸ)ਦੇ ਸੰਬਧ ਵਿੱਚ ਪਿੰਡ ਮਧਰੇ, ਬਾਰੇ ਕੇ,ਮਾਛੀਵਾੜਾ ਨੂੰ ਜਾ ਰਹੇ ਸੀ ਤਾਂ ਜਦ ਪਲਿਸ ਪਾਰਟੀ ਗਸ਼ਤ ਕਰ ਰਹੀ ਬੱਸ ਅੱਡਾ ਪਿੰਡ ਬਾਰੇ ਕੇ ਪਾਸ ਮੁੱਖਬਰ ਖਾਸ ਨੇ ਗਡੀਂ ਰੁਕਵਾ ਕੇ ਮੇਰੇ ਪਾਸ ਇਤਲਾਹ ਦਿੱਤੀ ਕਿ ਹਰਨੇਕ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਮਾਛੀਵਾੜਾ ਥਾਣਾ ਸਦਰ ਫਿਰੋਜ਼ਪੁਰ ਦੇ ਝੋਨੇ ਦੇ ਖੇਤ ਵਿੱਚ ਕੁੱਝ ਪੈਕਟ ਹੈਰੋਇਨ ਦੇ ਕਿਸੇ ਨਾ ਮਲੂਮ ਵਿਅਕਤੀ/ ਵਿਅਕਤੀਆਂ ਵੱਲੋਂ ਰੱਖੇ ਗਏ ਹਨ।ਜਿਸ ਤੇ ਮੁੱਖ ਅਫਸਰ,ਥਾਣਾ ਸਦਰ ਫਿਰੋਜ਼ਪੁਰ ਸਮੇਤ ਪਾਰਟੀ ਅਤੇ 136 ਬਟਾਲਿਅਨ ਬੀ.ਐਸ.ਐਫ. ਦੇ ਨਾਲ ਸਾਂਝੇ ਸਰਚ ਆਪਰੇਸ਼ਨ ਦੋਰਾਨ ਉਕਤ ਵਿਅਕਤੀ ਦੇ ਝੋਨੇ ਦੇ ਖੇਤ ਵਿੱਚ ਦੇ ਸਰਚ ਦੋਰਾਨ 03 ਪੈਕੇਟ ਹੈਰੋਇਨ ਜਿਸ ਦਾ ਕੱਲ ਵਜਨ 03 ਕਿੱਲੋ 415 ਗ੍ਰਾਮ ਬਰਾਮਦ ਕਰਕੇ ਨਾ-ਮਲੂਮ ਵਿਅਕਤੀਆਂ ਖਿਲਾਫ ਮੁਕਦੱਮਾ ਦਰਜ ਕਰ ਲਿਆ ਗਿਆ ਹੈ ਅਤੇ ਦੋਸ਼ੀਆਂ ਦੀ ਭਾਲ ਜਾਰੀ ਹੈ।

ਮੁਕਦਮਾਂ ਨੰਬਰ 129 ਮਿਤੀ 13-08-2023 ਅ/ਧ 21 ਐਨ.ਡੀ.ਪੀ.ਐਸ. ਐਕਟ ਥਾਣਾ ਸਦਰ ਫਿਰੋਜ਼ਪੁਰ

ਦੋਸ਼ੀ ਦਾ ਨਾਮ: ਨਾ-ਮਲੂਮ

ਬ੍ਰਾਮਦਗੀ : 1 03 ਕਿੱਲੋ 415 ਗ੍ਰਾਮ ਹੈਰੋਇਨ

